# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 22-25 ਮਿਤੀ : 06.05.2022


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਵੱਲ

ਪ੍ਰਮੁੱਖ ਸਕੱਤਰ

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,

ਪੰਜਾਬ ਸਰਕਾਰ, ਚੰਡੀਗੜ੍ਹ।

ਵਿਸ਼ਾ:ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ ਵਿਚ ਕੰਮ ਕਰਦੇ 'ਲੀਗਲ ਸੈੱਲ' ਨੂੰ ਆਪਣੇ ਫ਼ਰਜ਼ ਤਨਦੇਹੀ ਨਾਲ ਨਿਭਾਉਣ ਲਈ ਨਿਰਦੇਸ਼ ਦੇਣ ਲਈ ਬੇਨਤੀ।

ਸਤਿਕਾਰਯੋਗ ਮੈਡਮ ਸਹਿਬਾ ਜੀ

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਸਾਰੇ ਸੰਸਾਰ ਵਿਚ ਫੈਲੇ 11 ਕਰੋੜ ਪੰਜਾਬੀਆਂ ਦੀ ਪ੍ਰਤੀਨਿਧ ਸੰਸਥਾ ਹੈ। ਭਾਰਤੀ ਪੰਜਾਬ ਵਿਚ ਇਹ ਮਾਂ ਬੋਲੀ ਪੰਜਾਬੀ ਨੂੰ ਸਰਕਾਰ, ਵਪਾਰ, ਰੁਜ਼ਗਾਰ ਅਤੇ ਪਰਿਵਾਰ ਵਿਚ ਬਣਦੀ ਸਤਿਕਾਰ ਯੋਗ ਥਾਂ ਦਵਾਉਣ ਲਈ ਸੰਘਰਸ਼ ਸ਼ੀਲ ਹੈ। 'ਪੰਜਾਬੀ ਵਿਕਾਸ ਮੰਚ' ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਇਸ ਅਦਾਰੇ ਦੀ ਇਕ ਸ਼ਾਖਾ ਹੈ।

ਪੰਜਾਬੀ ਵਿਕਾਸ ਮੰਚ ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ ਦੇ ਕੰਮ ਕਾਜ ਨਾਲ ਸਬੰਧਤ ਕੁੱਝ ਮਸਲੇ, ਨਿਮਰਤਾ ਸਹਿਤ, ਆਪ ਜੀ ਦੇ ਧਿਆਨ ਵਿਚ ਲਿਆ ਰਿਹਾ ਹੈ।

1. ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ ਵਿਚ ਇੱਕ ਲੀਗਲ ਸੈੱਲ ਬਣਿਆ ਹੋਇਆ ਹੈ, ਜਿਸ ਦਾ ਕੰਮ ਵਿਭਾਗ ਨਾਲ ਸਬੰਧਤ ਕਾਨੂੰਨੀ ਮਸਲਿਆਂ ਨੂੰ ਨਜਿੱਠਣਾ ਹੈ। **ਸ਼ਾਇਦ** ਇਸ ਸੈੱਲ ਵਿਚ ਇੱਕ ਲਾਅ ਅਫ਼ਸਰ ਵੀ ਤਾਇਨਾਤ ਹਨ। ਵਿਭਾਗ ਤੋਂ, ਜਦੋਂ ਸੂਚਨਾ

'ਅਧਿਕਾਰ ਕਾਨੂੰਨ ਅਧੀਨ' ਕਿਸੇ ਵਿਅਕਤੀ ਵੱਲੋਂ ਕੋਈ ਸੂਚਨਾ ਮੰਗੀ ਜਾਂਦੀ ਹੈ ਤਾਂ ਉਹ ਸੂਚਨਾ ਉਪਲਬਧ ਕਰਾਉਣ ਦੀ ਜ਼ਿੰਮੇਵਾਰੀ ਇਸੇ ਲੀਗਲ ਸੈੱਲ ਦੀ ਹੈ। ਪਹਿਲਾਂ ਇਹ ਸੈੱਲ ਪੂਰੀ ਤਨਦੇਹੀ ਨਾਲ ਆਪਣੇ ਫ਼ਰਜ਼ ਨਿਭਾਉਂਦਾ ਸੀ ਅਤੇ ਦਰਖਾਸਤਕਰਤਾ ਨੂੰ, ਉਸ ਵੱਲੋਂ ਮੰਗੀ ਸਾਰੀ ਸੂਚਨਾ, ਸਮੇਂ ਸਿਰ ਉਪਲਬਧ ਕਰਵਾਉਂਦਾ ਸੀ।

ਪਿਛਲੇ ਕੁਝ ਮਹੀਨਿਆਂ ਤੋਂ ਇਹ ਲੀਗਲ ਸੈੱਲ ਸੁਸਤ ਹੋ ਗਿਆ ਹੈ ਅਤੇ ਆਪਣੇ ਫ਼ਰਜ਼ ਨਿਭਾਉਣ ਤੋਂ ਕਤਰਾਉਣ ਲੱਗ ਪਿਆ ਹੈ।

2. ਪੰਜਾਬ ਵਿਕਾਸ ਮੰਚ (ਕਾਨੂੰਨੀ) ਦੇ ਸੰਚਾਲਕ ਰਜਿੰਦਰਪਾਲ ਸਿਘ ਵੱਲੋਂ ਹੇਠ ਲਿਖੇ ਗੰਭੀਰ ਮਸਲਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ 'ਸੂਚਨਾ ਅਧਿਕਾਰ ਕਾਨੂੰਨ' ਅਧੀਨ ਦੋ ਅਰਜ਼ੀਆਂ ਦਿੱਤੀਆਂ ਗਈਆਂ।

(ੳ) ਭਾਸ਼ਾ ਵਿਭਾਗ ਵੱਲੋਂ, ਸਿੱਖਿਆ ਵਿਭਾਗ ਵਿਚ ਕੰਮ ਕਰਦੇ ਕੁਝ ਅਧਿਆਪਕ, ਜਿਲ੍ਹਾ ਸੂਚਨਾ ਅਫ਼ਸਰ ਅਤੇ ਜ਼ਿਲ੍ਹਾ ਖੋਜ ਅਫ਼ਸਰ ਦੇ ਤੌਰ ਤੇ, ਡੈਪੂਟੇਸ਼ਨ ਤੇ ਲਏ ਗਏ ਸਨ। ਇਨ੍ਹਾਂ ਦੀ ਗਿਣਤੀ 40 ਦੇ ਕਰੀਬ ਹੈ। ਪਹਿਲਾਂ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਖੋਜ ਅਫ਼ਸਰ ਦੀ ਪੋਸਟ ਨਹੀਂ ਸੀ। ਪਹਿਲੀ ਵਾਰ ਜ਼ਿਲ੍ਹਾ ਖੋਜ ਅਫ਼ਸਰਾਂ ਨੂੰ ਜ਼ਿਲ੍ਹਿਆਂ ਵਿਚ ਤਾਇਨਾਤ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਪੰਜਾਬੀ ਸਾਹਿਤ ਨਾਲ ਸਬੰਧਤ ਸਰਗਰਮੀਆਂ ਕਰਾਉਣ ਲਈ ਇੱਕ ਵੱਖਰਾ ਵਿਭਾਗ 'ਕਲਾ ਪ੍ਰੀਸ਼ਦ' ਬਣਾਇਆ ਹੋਇਆ ਹੈ। **ਇਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਜ਼ਿਲ੍ਹਾ ਖੋਜ ਅਫ਼ਸਰਾਂ ਦਾ ਕੰਮ ਪੰਜਾਬੀ ਸਾਹਿਤ ਨਾਲ ਸਬੰਧਤ ਸਰਗਰਮੀਆਂ ਕਰਾਉਣਾ ਨਹੀਂ।** ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੇ, ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ ਹੁੰਦਾ ਦਫ਼ਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੁੰਦਾ ਹੈ ਜਾਂ ਨਹੀਂ, ਇਸ ਦੀ ਪੜਤਾਲ ਕਰਨੀ ਹੁੰਦੀ ਹੈ। ਜਾਂ ਫੇਰ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਆਪਣੇ ਆਪਣੇ ਜਿਲ੍ਹੇ ਵਿਚ ਸਰਗਰਮੀਆਂ ਕਰਨੀਆਂ ਹੁੰਦੀਆਂ ਹਨ। ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਤੋਂ ਪਤਾ ਲੱਗਦਾ ਹੈ ਕਿ ਨਵੇਂ ਨਿਯੁਕਤ ਕੀਤੇ ਗਏ ਅਧਿਕਾਰੀ ਕੇਵਲ ਸਾਹਿਤਕ ਸਰਗਰਮੀਆਂ ਹੀ ਕਰਦੇ ਹਨ। ਜ਼ਿਲ੍ਹਾ ਖੋਜ ਅਫ਼ਸਰਾਂ ਵੱਲੋਂ ਹਾਲੇ ਤੱਕ ਕੋਈ ਵੀ ਖੋਜ ਕਾਰਜ ਸ਼ੁਰੂ ਨਹੀਂ ਕੀਤਾ ਗਿਆ।

ਕੀ ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਜ਼ਿਲ੍ਹਾ ਖੋਜ ਅਫ਼ਸਰ ਆਪਣੇ ਫ਼ਰਜ਼, ਕਾਨੂੰਨ ਅਨੁਸਾਰ ਨਿਭਾਅ ਰਹੇ ਹਨ ਜਾਂ ਨਹੀਂ, ਇਹ ਜਾਨਣ ਲਈ ਰਜਿੰਦਰਪਾਲ ਸਿੰਘ ਵੱਲੋਂ ਆਪਣੀ ਅਰਜ਼ੀ ਮਿਤੀ 16.03.2022 ਰਾਹੀਂ ਭਾਸ਼ਾ ਵਿਭਾਗ ਦੇ ਸੂਚਨਾ ਅਧਿਕਾਰੀ ਤੋਂ ਸੂਚਨਾ ਮੰਗੀ ਗਈ। ਅੱਜ ਤੱਕ (ਦਰਖਾਸਤ ਦੇਣ ਦੇ 50 ਦਿਨਾਂ ਬਾਅਦ ਤੱਕ) ਇਹ ਮਹੱਤਵਪੂਰਨ ਸੂਚਨਾ ਦਰਖਾਸਤਕਰਤਾ ਨੂੰ ਪ੍ਰਾਪਤ ਨਹੀਂ ਹੋਕਰਵਾਈ ਗਈ।

ਵਰਨਣਯੋਗ ਹੈ ਕਿ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਦੇ ਦਫ਼ਤਰਾਂ ਚਲਾਉਣ ਤੇ ਪੰਜਾਬ ਸਰਕਾਰ ਦਾ, ਹਰ ਮਹੀਨੇ ਕਰੀਬ ਇੱਕ ਕਰੋੜ ਰੁਪਿਆ ਖਰਚ ਹੁੰਦਾ ਹੈ।

(ਅ) ਭਾਸ਼ਾ ਵਿਭਾਗ ਵੱਲੋਂ ਪੰਜਾਬ ਸਰਕਾਰ ਦੀ ਹਦਾਇਤ ਤੇ ਨਵੰਬਰ 2021 ਦਾ ਪੂਰਾ ਮਹੀਨਾ 'ਪੰਜਾਬੀ ਮਾਹ' ਦੇ ਤੌਰ ਤੇ ਮਨਾਇਆ ਗਿਆ। ਇਸ ਮਹੀਨੇ ਦੌਰਾਨ ਭਾਸ਼ਾ ਵਿਭਾਗ ਵੱਲੋਂ ਸਾਰੇ ਪੰਜਾਬ ਵਿਚ ਸਾਹਿਤਕ ਸਮਾਗਮ ਰਚਾਏ ਗਏ। ਅਖ਼ਬਾਰ ਵਿਚ ਛਪੀ ਇੱਕ ਰਿਪੋਰਟ ਅਨੁਸਾਰ, ਭਾਸ਼ਾ ਵਿਭਾਗ ਵੱਲੋਂ ਇਨ੍ਹਾਂ ਸਮਾਗਮਾਂ ਤੇ ਕਰੀਬ *24 ਲੱਖ ਰੁਪਏ ਖਰਚੇ* ਗਏ। ਉਸ ਖ਼ਬਰ ਅਨੁਸਾਰ ਭਾਸ਼ਾ

ਵਿਭਾਗ ਵੱਲੋਂ ਕੇਵਲ ਖਾਣੇ ਉੱਪਰ ਹੀ *16 ਲੱਖ ਰੁਪਏ* ਖਰਚ ਕੀਤੇ ਗਏ। ਅਖ਼ਬਾਰ ਵਿਚ ਛਪੀ ਖ਼ਬਰ ਦੀ ਸੱਚਾਈ ਜਾਨਣ ਲਈ, ਰਜਿੰਦਰਪਾਲ ਸਿੰਘ ਵੱਲੋਂ ਦੂਜੀ ਦਰਖਾਸਤ ਮਿਤੀ 21.03.2022 ਨੂੰ ਦਿੱਤੀ ਗਈ। ਇਸ ਦਰਖਾਸਤ ਨੂੰ ਦਿੱਤਿਆਂ ਵੀ 40 ਦਿਨ ਤੋਂ ਵੱਧ ਹੋ ਗਏ ਹਨ, ਜਦੋਂਕਿ ਕਾਨੂੰਨ ਅਨੁਸਾਰ ਇਹ ਸੂਚਨਾ 30 ਦਿਨਾਂ ਦੇ ਅੰਦਰ ਅੰਦਰ ਦਿੱਤੀ ਜਾਣੀ ਚਾਹੀਦੀ ਸੀ।

ਕਿਰਪਾ ਕਰਕੇ ਡਾਇਰੈਕਟਰ ਭਾਸ਼ਾ ਵਿਭਾਗ ਅਤੇ ਉਨ੍ਹਾਂ ਅਧੀਨ ਕੰਮ ਕਰਦੇ ਲੀਗਲ ਸੈੱਲ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਕਾਨੂੰਨੀ ਫ਼ਰਜ਼ਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਤਾਂ ਜੋ **'ਆਮ ਆਦਮੀ'** ਨੂੰ ਵਿਭਾਗ ਦੀਆਂ ਗਤੀਵਿਧੀਆਂ, ਖਾਸ ਕਰ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਸਬੰਧਤ, ਜਾਣਕਾਰੀ ਸਮੇਂ ਸਿਰ ਪ੍ਰਾਪਤ ਹੁੰਦੀ ਰਹੇ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

(ਰਜਿੰਦਰਪਾਲ ਸਿੰਘ)

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
2. ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਮੰਤਰੀ, ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। pblanguages@hotmail.com